# ਪੰਜਾਬ ਐਜੂਸੈਟ ਸੁਸਾਇਟੀ

**ਐਸ.ਸੀ.ਓ.ਨੰ: 104-06, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ**

ਫ਼ੋਨ ਨੰ:172-2623006, 2623207, 2620106 ਫੈਕਸ:0172-2624687 ਈ-ਮੇਲedusat.punjab@gmail.com

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਹਾਈ, ਹਾਇਰ ਸੈਕੰਡਰੀ / ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ (ਵੈੱਬ ਸਾਈਟ ਦੇ ਰਾਹੀਂ)

ਮੀਮੋ ਨੰ ਪੀਈਐਸ/ਜੇਈਟੀ/2010/ 24/134/PES/JET/Edusat/2265

ਮਿਤੀ ਚੰਡੀਗੜ੍ਹ 27 ਅਕਤੂਬਰ, 2011

**ਵਿਸ਼ਾ ਜੁਆਇੰਟ ਐਂਟਰੈਂਸ ਟੈਸਟ ਵਿੱਚ ਵੱਧ ਤੋਂ ਵੱਧ ਵਿਖਦਿਆਰਥੀਆਂ ਨੂੰ ਭਾਗ ਲੈਣ ਲਈ ਪ੍ਰੇਰਿਤ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਪੰਜਾਬ ਸਰਕਾਰ ਦੇ ਤਕਨੀਕੀ ਸਿੱਖਿਆ ਵਿਭਾਗ / ਪੰਜਾਬ ਤਕਨੀਕੀ ਸਿੱਖਿਆ ਅਤੇ ਇੰਡਸਟ੍ਰੀਅਲ ਟ੍ਰੇਨਿੰਗ ਵਿਭਾਗ ਵੱਲੋਂ ਪੰਜਾਬ ਰਾਜ ਦੇ ਵਿੱਚ 109 ਪੋਲੀਟੈਕਨਿਕ ਕਾਲਜਾਂ ਦੇ ਲਈ ਤਕਰੀਬਨ 53,000 ਸੀਟਾਂ ਦੇ ਲਈ ਤਿੰਨ ਸਾਲ ਦੇ ਡਿਪਲੋਮਾ ਕੋਰਸ ਦੇ ਵਿੱਚ ਦਾਖਲੇ ਦੇ ਮੰਤਵ ਲਈ ਮਿਤੀ 15.5.2011 ਨੂੰ ਜੁਆਇੰਟ ਐਂਟਰੈਂਸ ਟੈਸਟ ਲਿਆ ਜਾਣਾ ਹੈ । ਇਸ ਟੈਸਟ ਦੇ ਲਈ ਦਸਵੀਂ ਪਾਸ ਵਿਦਿਆਰਥੀ ਜਾਂ ਦਸਵੀਂ ਦੇ ਇਮਤਿਹਾਨ ਵਿੱਚ ਅਪੀਅਰ ਹੋਏ ਵਿਦਿਆਰਥੀ ਭਾਗ ਲੈ ਸਕਦੇ ਹਨ । ਸਿੱਖਿਆ ਵਿਭਾਗ ਅਤੇ ਤਕਨੀਕੀ ਸਿੱਖਿਆ ਵਿਭਾਗ ਦੇ ਆਪਸੀ ਤਾਲਮੇਲ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਰਾਜ ਦੇ ਸਰਕਾਰੀ ਹਾਈ/ਹਾਇਰ ਸੈਕੰਡਰੀ/ਸੀਨੀਅਰ ਸੈਕੰਡਰੀ ਸਕੂਲਾਂ ਦੇ ਵਿੱਚ ਦਸਵੀਂ ਕ੍ਲਾਸ ਵਿੱਚ ਪੜ੍ਹਣ ਵਾਲੇ ਵਿਦਿਆਰਥੀ ਜਾਂ ਦਸਵੀਂ ਪਾਸ ਹੋਏ ਵਿਦਿਆਰਥੀ, ਜੋ ਕਿ ਇਸ ਸਾਂਝੇ ਟੈਸਟ ਵਿੱਚ ਭਾਗ ਲੈਣ ਦੇ ਇੱਛੁਕ ਹਨ, ਵੱਧ ਤੋਂ ਵੱਧ ਹਿੱਸਾ ਲੈਣ।

3.0 ਇਸ ਸਬੰਧੀ ਜਰੂਰੀ ਜਾਣਕਾਰੀ ਹੇਠ ਲਿਖੇ ਅਨੁਸਾਰ ਸਬੰਧਤ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆ ਨੂੰ ਉਪਲਬਧ ਕਰਵਾ ਦਿੱਤੀ ਜਾਵੇ।

4.0 ਜੇ.ਈ.ਟੀ. ਦੇ ਇਮਤਿਹਾਨ 15 ਮਈ ,2011 ਨੂੰ ਹੋਣੇ ਹਨ ਅਤੇ ਇਸ ਸਬੰਧੀ ਅਪਲਾਈ ਕਰਨ ਦੀ ਆਖਰੀ ਮਿਤੀ 09 ਅਪ੍ਰੈਲ, 2011 ਹੈ।

5.0 ਜੇ.ਈ.ਟੀ. ਦੇ ਪ੍ਰੋਸਪੈਕਟਸ ਫਰਵਰੀ 2011 ਤੋਂ ਪੰਜਾਬ ਨੈਸ਼ਨਲ ਬੈਂਕ ਦੀਆਂ ਚੋਣਵੀਆਂ ਬਰਾਂਚਾ, ਡੀ.ਸੀ.ਦਫਤਰ ਜਿਲ੍ਹਾ ਸੁਵਿਧਾ ਸੈਂਟਰਾ ਅਤੇ ਪਾਲੀਟੈਕਨੀਕ ਕਾਲਜਾ ਤੋਂ ਉਪਲਬਧ ਹੋਣਗੇ।

6.0 10ਵੀਂ ਪਾਸ ਜਾਂ ਇਸ ਸਾਲ 10ਵੀਂ ਦੇ ਇਮਤਿਹਾਨ ਦੇ ਰਹੇ ਵਿਦਿਆਰਥੀ ਇਸ ਟੈਸਟ ਵਿੱਚ ਹਿੱਸਾ ਲੈ ਸਕਦੇ ਹਨ।

7.0 ਜੇ.ਈ.ਟੀ. ਦਾ ਰਿਜ਼ਲਟ 28 ਮਈ 2011 ਨੂੰ ਨਸ਼ਰ ਕੀਤਾ ਜਾਵੇਗਾ।

8.0 ਪੂਰੀ ਜਾਣਕਾਰੀ www.punjabteched.com ਅਤੇ www.punjabteched.net ਤੇ ਉਪਲਬਧ ਹੈ। ਉਪਰੋਕਤ ਪ੍ਰੋਗਰਾਮ ਲਈ ਹੈਲਪਲਾਈਨ ਨੰ.: 84374-92555, 84374-92666, 84374-92777, 84374-92888 ਅਤੇ 84374-92999 ਅਤ ਫੈਕਸ ਨੰ. 0172-2660734 ਹਨ।

9.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਸਬੰਧ ਵਿੱਚ ਆਪਣੇ ਆਪਣੇ ਸਕੂਲਾਂ ਵਿੱਚ ਸਬੰਧਤ ਸਮੂਹ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆ ਨਾਲ ਮੀਟਿੰਗ ਕਰਨ ਉਪਰੰਤ ਉਹਨਾਂ ਨੂੰ ਇਸ ਕੋਰਸ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਵੇ ।

ਇਸ ਨੂੰ ਪਰਮ ਅਗੇਤ ਦਿੱਤੀ ਜ਼ਾਵੇ ਜੀ ।

ਡਾਇਰੈਕਟਰ ਜ਼ਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ 24/134/PES/JET/2010/2266-2269 ਮਿਤੀ 27-1-2011

ਇਸ ਦਾ ਉਤਾਰਾ ਹੇਠਾਂ ਲਿਖਿਆ ਨੂੰ ;ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਵਿਭਾਗ, ਚੰਡੀਗੜ੍ਹ
2. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ, ਚੰਡੀਗੜ੍ਹ
3. ਸਕੱਤਰ, ਪੰਜਾਬ ਸਟੇਟ ਤਕਨੀਕੀ ਸਿੱਖਿਆ ਅਤੇ ਇੰਡਸਟ੍ਰੀਅਲ ਟ੍ਰੇਨਿੰਗ ਬੋਰਡ, ਸੈਕਟਰ 36ਏ, ਚੰਡੀਗੜ੍ਹ।
4. ਮੰਡਲ ਸਿੱਖਿਆ ਅਫਸਰ, ਜਲੰਧਰ, ਨਾਭਾ ਅਤੇ ਫਰੀਦਕੋਟ

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ